**BRAMPTON** **Media Release**

ਤੁਰੰਤ ਰਿਲੀਜ ਲਈ

# ਬ੍ਰੈਂਪਟਨ, ਰਿਮੈਂਬਰਸ ਡੇ 2020 ਔਨਲਾਈਨ ਮਨਾਵੇਗਾ

ਬ੍ਰੈਂਪਟਨ, ਓਨਟੈਰੀਓ (27 ਅਕਤੂਬਰ, 2020) – ਕੋਵਿਡ-19 (COVID-19) ਨੂੰ ਫੈਲਣ ਤੋਂ ਰੋਕਣ ਲਈ, ਸਿਟੀ ਆਫ ਬ੍ਰੈਂਪਟਨ, ਰੋਇਲ ਕੈਨੇਡਿਅਨ ਲੀਜਨ (Royal Canadian Legion) ਦੀਆਂ ਬ੍ਰਾਂਚਾਂ 15 ਅਤੇ 609 ਦੇ ਨਾਲ, 11 ਨਵੰਬਰ ਨੂੰ ਰਿਮੈਂਬਰੈਂਸ ਡੇ 2020 (Remembrance Day 2020) ਔਨਲਾਈਨ ਮਨਾਵੇਗੀ।

ਬ੍ਰੈਂਪਟਨ ਵਿੱਚ ਯੁੱਧ ਦੇ ਸਾਬਕਾ ਫੌਜੀਆਂ (Veterans of War) ਦੇ ਨਾਲ ਹੀ ਉਹਨਾਂ ਨੂੰ, ਜਿਹਨਾਂ ਨੇ ਅੰਤਮ ਕੁਰਬਾਨੀ ਕੀਤੀ, ਸਿਟੀ ਦੇ *ਬ੍ਰੈਂਪਟਨ ਰਿਮੈਂਬਰਸ (Brampton Remembers)* ਵੈਬਪੇਜ ਤੇ ਸਨਮਾਨਿਤ ਕੀਤਾ ਜਾਵੇਗਾ, ਸਿਟੀ ਦੀਆਂ ਸਾਰੀਆਂ ਫੈਸਿਲਿਟੀਜ ਵਿਖੇ ਝੰਡੇ ਅੱਧੇ-ਝੁਕੇ ਹੋਏ ਹੋਣਗੇ।

ਵੈਬਪੇਜ ਨੂੰ, 11 ਨਵੰਬਰ ਨੂੰ ਸਵੇਰੇ 10:55 ਵਜੇ ਲਾਈਵ ਕੀਤਾ ਜਾਵੇਗਾ, ਜਿਸ ਵਿੱਚ ਮੂਮੈਂਟ ਆਫ ਸਾਈਲੈਂਸ (Moment of Silence) ਅਤੇ ਪਲੇਸਿੰਗ ਆਫ ਰੈਥਸ (Placing of Wreaths) ਸਮੇਤ, ਆਭਾਸੀ (ਵਰਚੁਅਲ) ਸੇਵਾ ਅਤੇ ਬ੍ਰੈਂਪਟਨ ਦੇ ਸਾਬਕਾ ਫੌਜੀਆਂ ਦੇ ਵੀਡੀਓ ਸੁਨੇਹੇ ਪੇਸ਼ ਕੀਤੇ ਜਾਣਗੇ, ਜਿਸ ਵਿੱਚ ਉਹ ਦੱਸਦੇ ਹਨ ਕਿ ਰਿਮੈਂਬਰੈਂਸ ਡੇ ਦਾ ਉਹਨਾਂ ਲਈ ਕੀ ਮਤਲਬ ਹੈ।

ਬ੍ਰੈਂਪਟਨ ਵਿੱਚ ਯੁੱਧ ਦੇ ਸਾਬਕਾ ਫੌਜੀਆਂ ਨੂੰ ਸ਼ਰਧਾਂਜਲੀ ਦੇਣ ਲਈ, ਸਿਟੀ, ਡਾਊਨਟਾਊਨ ਬ੍ਰੈਂਪਟਨ ਵਿੱਚ ਮੇਨ ਸਟ੍ਰੀਟ (Main Street) ਅਤੇ ਕਵੀਨ ਸਟ੍ਰੀਟ (Queen Street) ਦੇ ਨਾਲ-ਨਾਲ ਬੈਨਰ ਲਗਾਵੇਗੀ।

**ਪੌਪੀ ਕੈਂਪੇਨ ਦੀ ਸ਼ੁਰੂਆਤ – 30 ਅਕਤੂਬਰ**

ਰੋਇਲ ਕੈਨੇਡਿਅਨ ਲੀਜਨ ਪੌਪੀ ਕੈਂਪੇਨ (Royal Canadian Legion Poppy Campaign) ਦੀ ਸ਼ੁਰੂਆਤ 30 ਅਕਤੂਬਰ ਨੂੰ ਹੋਵੇਗੀ ਅਤੇ ਇਹ 11 ਨਵੰਬਰ ਤੱਕ ਚੱਲੇਗਾ। ਇਸ ਮੁਹਿੰਮ ਤੋਂ ਪ੍ਰਾਪਤ ਫੰਡ, ਸਿੱਧੇ ਕੈਨੇਡਾ ਦੇ ਸੇਵਾ ਅਧੀਨ ਅਤੇ ਰਿਟਾਇਰ ਹੋ ਚੁੱਕੇ ਸਾਬਕਾ ਫੌਜੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਮਦਦ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਕੈਨੇਡਾ ਵਾਸੀ ਕਦੇ ਵੀ ਉਹਨਾਂ ਦੀ ਸੇਵਾ ਦੇ ਅਸਧਾਰਨ ਯਤਨਾਂ ਨਾ ਭੁੱਲਣ। ਨਿਵਾਸੀ ਅਤੇ ਆਉਣ ਵਾਲੇ (ਵਿਜੀਟਰਸ), ਬ੍ਰੈਂਪਟਨ ਵਿੱਚ ਵੱਖ-ਵੱਖ ਕਾਰੋਬਾਰੀ ਥਾਵਾਂ ਤੇ ਪੌਪੀ ਦੇ ਬਦਲੇ ਵਿੱਚ, ਪੌਪੀ ਕੈਂਪੇਨ (Poppy Campaign) ਵਿੱਚ ਦਾਨ ਕਰ ਸਕਦੇ ਹਨ।

**ਹਵਾਲੇ**

"ਹਾਲਾਂਕਿ ਅਸੀਂ ਕੋਵਿਡ-19 ਦੇ ਕਾਰਨ ਇਸ ਸਾਲ ਰਿਮੈਂਬਰਸ ਡੇ ਮਨਾਉਣ ਲਈ ਵਿਅਕਤੀਗਤ ਤੌਰ ਤੇ ਇਕੱਤਰ ਨਹੀਂ ਹੋ ਸਕਦੇ, ਇਸਲਈ ਸਾਡਾ ਬ੍ਰੈਂਪਟਨ ਰਿਮੈਂਬਰਸ ਵੈਬਪੇਜ ਸਾਰਿਆਂ ਨੂੰ, 11 ਨਵੰਬਰ ਨੂੰ ਸਾਡੇ ਯੁੱਧ ਦੇ ਸਾਬਕਾ ਫੌਜੀਆਂ ਦੇ ਨਾਲ ਹੀ ਉਹਨਾਂ ਨੂੰ, ਜਿਹਨਾਂ ਨੇ ਅੰਤਮ ਕੁਰਬਾਨੀ ਕੀਤੀ, ਨੂੰ ਸਨਮਾਨਿਤ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਇਸਨੂੰ ਭੁਲਾਇਆ ਨਹੀਂ ਜਾ ਸਕਦਾ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਦੇ ਸਟਾਫ਼ ਨੇ ਰੋਇਲ ਕੈਨੇਡਿਅਨ ਲੀਜਨ ਦੀਆਂ ਬ੍ਰਾਂਚਾਂ 15 ਅਤੇ 609 ਦੇ ਨਾਲ ਰਿਮੈਂਬਰਸ ਡੇ ਦੇ ਸਨਮਾਨ ਵਿੱਚ ਇੱਕ ਖਾਸ ਔਨਲਾਈਨ ਸਪੇਸ ਤਿਆਰ ਕੀਤਾ ਹੈ। ਇਹ ਇੱਕ ਮਹਤੱਵਪੂਰਣ ਸਮਾਰੋਹ ਹੈ ਅਤੇ ਹਰ ਕੋਈ ਬ੍ਰੈਂਪਟਨ ਰਿਮੈਂਬਰਸ ਵੈਬਪੇਜ ਤੇ ਜਾ ਕੇ ਇਸ ਤੱਕ ਪਹੁੰਚ ਪ੍ਰਾਪਤ ਕਰ ਸਕਦਾ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਰੋਇਲ ਕੈਨੇਡਿਅਨ ਲੀਜਨ, ਬ੍ਰੈਂਪਟਨ ਦੇ ਮੇਜਰ ਵਿਲੀਅਮ ਡਵਾਈਟ ਸ਼ਾਰਪ ਬ੍ਰਾਂਚ 15 ਦੇ ਪ੍ਰੈਜ਼ੀਡੈਂਟ ਵਜੋਂ, ਮੈਨੂੰ 2020 ਵਰਚੁਅਲ ਰਿਮੈਂਬਰਸ ਡੇ ਸਰਵਿਸ ਵਿੱਚ ਹਿੱਸਾ ਲੈਣ ਤੇ ਮਾਣ ਹੈ। ਰਿਮੈਂਬਰਸ ਡੇ ਨੂੰ 100 ਸਾਲ ਪਹਿਲਾਂ, ਬ੍ਰੈਂਪਟਨ ਦੇ ਪ੍ਰਮੁੱਖ ਨਾਗਰਿਕਾਂ ਵਿੱਚੋਂ ਇੱਕ, ਟਾਊਨ ਕਾਊਂਸਲਰ ਅਤੇ ਗ੍ਰੇਟ ਵਾਰ ਵੈਟਰਨਸ ਐਸੋਸੀਏਸ਼ਨ (ਜਿਸਦਾ ਨਾਮ ਬਾਅਦ ਵਿੱਚ ਲੀਜਨ ਪੈ ਗਿਆ) ਦੇ ਡੋਮਿਨਿਅਨ ਪ੍ਰੈਜ਼ੀਡੈਂਟ ਦੁਆਰਾ ਸ਼ੁਰੂ ਕੀਤਾ ਗਿਆ ਸੀ। ਉਹ ਮੇਜਰ ਵਿਲੀਅਮ ਡੀ. ਸ਼ਾਰਪ ਸਨ। ਉਹ 1920 ਵਿੱਚ ਬ੍ਰੈਂਪਟਨ ਵਿੱਚ ਪਹਿਲਾ ਰਿਮੈਂਬਰਸ ਡੇ ਸ਼ੁਰੂ ਕਰਨ ਵਿੱਚ ਸਹਾਇਕ ਰਹੇ ਸਨ ਅਤੇ ਹੁਣ ਉਹਨਾਂ ਦੇ ਨਾਮ ਤੇ ਇੱਕ ਸਟ੍ਰੀਟ ਦਾ ਨਾਮ ਰੱਖਿਆ ਗਿਆ ਹੈ। ਉਦੋਂ ਤੋਂ ਹੀ, ਟੈਕਨੋਲੋਜੀ ਦੇ ਨਾਲ, ਅਸੀਂ ਕਾਰਜਕਰਮਾਂ ਦੀ ਅਵਾਰਡ ਜੇਤੂ ਸੀਰੀਜ ਵਿੱਚ ਬ੍ਰੈਂਪਟਨ ਰਿਮੈਂਬਰਸ ਪ੍ਰੋਗਰਾਮ ਦਾ ਵਿਸਤਾਰ ਕੀਤਾ ਹੈ, ਜਿਹਨਾਂ ਨੂੰ ਹੁਣ ਅਸੀਂ ਸਾਲਾਨਾ ਤੌਰ ਤੇ ਆਯੋਜਿਤ ਕਰਦੇ ਹਾਂ। ਮੇਰੇ ਖਿਆਲ ਵਿੱਚ ਮੇਜਰ ਸ਼ਾਰਪ ਨੂੰ ਇਸਤੇ ਜ਼ਰੂਰ ਮਾਣ ਹੁੰਦਾ।"

- *ਬ੍ਰਾਇਨ ਕੈਪਨ (Brian Capon), ਪ੍ਰੈਜ਼ੀਡੈਂਟ, ਮੇਜਰ ਵਿਲੀਅਮ ਡਵਾਈਟ ਸ਼ਾਰਪ ਬ੍ਰਾਂਚ 15, ਰੋਇਲ ਕੈਨੇਡਿਅਨ ਲੀਜਨ, ਬ੍ਰੈਂਪਟਨ*

"ਇਸ ਸਾਲ ਦੁਬਾਰਾ, ਅਸੀਂ ਰਿਮੈਂਬਰਸ ਡੇ ਮਨਾਉਣ ਲਈ, ਸਿਟੀ ਆਫ ਬ੍ਰੈਂਪਟਨ ਨਾਲ ਭਾਈਵਾਲੀ ਕੀਤੀ ਹੈ। ਇਹ ਇਸ ਸਾਲ ਅਲਗ ਹੋਵੇਗਾ ਕਿਉਂਕਿ ਸਰਵਿਸ ਆਫ ਰਿਮੈਂਬਰਸ ਔਨਲਾਈਨ ਮਨਾਇਆ ਜਾਵੇਗਾ। ਅਸੀਂ ਉਹਨਾਂ ਸਾਰਿਆਂ ਨੂੰ ਸਨਮਾਨਿਤ ਕਰਦੇ ਹਾਂ, ਜਿਹਨਾਂ ਨੇ ਸਾਡੀ ਅਜ਼ਾਦੀ ਨੂੰ ਬਣਾਏ ਰੱਖਣ ਲਈ ਖੁਦ ਨੂੰ ਖਤਰੇ ਵਿੱਚ ਪਾਇਆ ਅਤੇ ਉਹਨਾਂ ਦੀ ਸੇਵਾ ਅਤੇ ਕੁਰਬਾਨੀ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ। 11 ਨਵੰਬਰ ਨੂੰ ਸਵੇਰੇ 10:55 ਵਜੇ ਬ੍ਰੈਂਪਟਨ ਰਿਮੈਂਬਰਸ ਵੈਬਪੇਜ ਤੇ ਜ਼ਰੂਰ ਜਾਓ।"

- *ਜੂਡੀ-ਐਨ ਟੇਲਰ (Judy-Ann Taylor), ਪ੍ਰੈਜ਼ੀਡੈਂਟ, ਰੋਇਲ ਕੈਨੇਡਿਅਨ ਲੀਜਨ ਬ੍ਰਾਂਚ 609*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca